**SET-3**

**Series JMS/3**

ਕੋਡ ਨੰ. **42/3/3**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **6** ਪੰਨੇ **+ 1** ਨਕਸ਼ੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **26** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **6** printed pages **+ 1** Map.
- Code number given on the right hand side of the question paper should be written on the title page of the answer-book by the candidate.
- Please check that this question paper contains **26** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਿਕ ਵਿਗਿਆਨ

## (ਪੰਜਾਬੀ ਉਲਥਾ)

# SOCIAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

*ਵਿਆਪਕ ਨਿਰਦੇਸ਼ :*

*(i)* *ਇਸ ਪ੍ਰਸ਼ਨ ਪੱਤਰ ਨੂੰ ਚਾਰ ਖੰਡਾਂ ਵਿਚ ਵੰਡਿਆ ਗਿਆ ਹੈ । ਖੰਡ ਅ, ਖੰਡ ਬ, ਖੰਡ ਸ ਅਤੇ ਖੰਡ ਦ ।*

*(ii)* *ਇਸ ਪ੍ਰਸ਼ਨ ਪੱਤਰ ਵਿਚ ਕੁਲ **26** ਪ੍ਰਸ਼ਨ ਹਨ ।*

*(iii)* *ਸਾਰੇ ਪ੍ਰਸ਼ਨ **ਜ਼ਰੂਰੀ** ਹਨ ।*

*(iv)* *ਹਰ ਇਕ ਪ੍ਰਸ਼ਨ ਦੇ ਸਾਮ੍ਹਣੇ ਉਸ ਦੇ ਅੰਕ ਦਿੱਤੇ ਹੋਏ ਹਨ ।*

*(v)* *ਪ੍ਰਸ਼ਨ ਸੰਖਿਆ **1** ਤੋਂ **7** ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ **1** ਅੰਕ ਦਾ ਹੈ ।*

*(vi)* *ਪ੍ਰਸ਼ਨ ਸੰਖਿਆ **8** ਤੋਂ **18** ਤੱਕ ਹਰ ਇਕ ਪ੍ਰਸ਼ਨ **3** ਅੰਕ ਦਾ ਹੈ । ਇਨ੍ਹਾਂ ਵਿੱਚੋ ਹਰ ਇਕ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vii)* *ਪ੍ਰਸ਼ਨ ਸੰਖਿਆ **19** ਤੋਂ **25** ਤੱਕ ਹਰ ਇਕ ਪ੍ਰਸ਼ਨ **5** ਅੰਕ ਦਾ ਹੈ । ਇਨ੍ਹਾਂ ਵਿੱਚੋ ਹਰ ਇਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(viii)* *ਪ੍ਰਸ਼ਨ ਸੰਖਿਆ **26** ਮਾਨਚਿੱਤਰ ਸੰਬੰਧੀ ਪ੍ਰਸ਼ਨ **5** ਅੰਕ ਦਾ ਹੈ । ਇਸ ਦੇ ਦੋ ਭਾਗ – 26 (A) ਅਤੇ 26 (B) ਹਨ । 26 (A) **2** ਅੰਕ ਦਾ ਇਤਿਹਾਸ ਨਾਲ ਅਤੇ 26 (B) **3** ਅੰਕ ਦਾ ਭੂਗੋਲ ਨਾਲ ਸੰਬੰਧਤ ਹਨ । ਮਾਨਚਿੱਤਰ ਦਾ ਪ੍ਰਸ਼ਨ ਪੂਰਾ ਕਰਕੇ ਆਪਣੀ ਉੱਤਰ ਪੁਸਤਕ ਨਾਲ ਨੱਥੀ ਕਰੋ ।*

## ਖੰਡ ਅ

**1.** ਝਾਰਖੰਡ ਵਿਚ ਖਾਣਾਂ ਦੀ ਖੁਦਾਈ ਦੇ ਕੰਮ ਕਿਵੇਂ ਭੌਂ-ਅਧੋਗਤੀ (ਧਰਤੀ ਵਿਚ ਗਿਰਾਵਟ) ਲਈ ਜੁਮੇਂਵਾਰ ਹਨ ? *1*

**ਜਾਂ**

ਗੁਜਰਾਤ ਵਿਚ ਵਧੇਰੇ ਪਸ਼ੂਚਾਰਨ ਭੌਂ-ਅਧੋਗਤੀ ਦੇ ਲਈ ਕਿਵੇਂ ਜੁੰਮੇਵਾਰ ਹੈ ? *1*

**2.** ਸ਼ਹਿਰ ਦੇ ਅਮੀਰ ਪਰਿਵਾਰ ਦੀ ਇਕ ਲੜਕੀ ਦੇ ਲਈ ਵਿਕਾਸ ਦਾ ਟੀਚਾ ਕੀ ਹੋ ਸਕਦਾ ਹੈ ? *1*

**ਜਾਂ**

ਅਮੀਰ ਕਿਸਾਨਾਂ ਦੇ ਲਈ ਵਿਕਾਸ ਦਾ ਟੀਚਾ ਕੀ ਹੋ ਸਕਦਾ ਹੈ ? *1*

**3.** 1815 ਵਿਚ ਜਿਆਦਾਤਰ ‘ਰੂੜੀਵਾਦੀ ਸ਼ਾਸਨ ਪੱਧਤੀਆਂ’ ਨੇ ਫਰਾਂਸੀਸੀ ਕਰਾਂਤੀ ਨਾਲ ਜੁੜੀ ਛਾਪੀ ਹੋਈ ਸਮਗਰੀ ਤੇ ਕਾਬੂ ਰਖਣ ਦੇ ਲਈ ਸੈਂਸਰਸ਼ਿਪ ਦੇ ਨਿਯਮ ਕਿਉਂ ਬਣਾਏ ? *1*

**ਜਾਂ**

1907 ਵਿਚ ਵਿਯਤਨਾਮ ਵਿਚ ‘ਟੌਂਕਿਨ ਫਰੀ ਸਕੂਲ’ ਕਿਉਂ ਖੋਲ੍ਹੇ ਗਏ ? *1*

**4.** ਡਚ ਅਤੇ ਫਰੈਂਚ ਬੋਲਣ ਵਾਲੇ ਲੋਕਾਂ ਦੀ ਬੈਲਜਿਅਮ ਵਿਚ 'ਸਮਾਜਕ' ਸਰਕਾਰ ਵਿਚ ਸਮਾਈ ਕਿਵੇ ਕੀਤੀ ਗਈ ? *1*

**5.** ਛਪਾਈ (ਮੁਦਰਣ) ਯੁਗ ਤੋਂ ਪਹਿਲਾਂ ਭਾਰਤ ਵਿਚ ਦਸਤਾਵੇਜ਼ਾਂ ਦੀ ਖੁਲ੍ਹੀ ਵਰਤੋਂ ਕਿਉਂ ਨਹੀ ਕੀਤੀ ਜਾਂਦੀ ਸੀ ? *1*

**ਜਾਂ**

ਭਾਰਤ ਵਿਚ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਇਸਤ੍ਰੀਆਂ ਅਤੇ ਬੱਚਿਆਂ ਨੂੰ ਨਾਵਲ ਪੜ੍ਹਨ ਤੋਂ ਵਰਜਿਆ ਕਿਉਂ ਜਾਂਦਾ ਸੀ ? *1*

**6.** ਤੀਸਰੇ ਪ੍ਰਕਾਰ ਦੇ ਖੇਤਰਕ ਰਾਹੀਂ ਲਿਆਂਦੀਆਂ ਗਈਆਂ ਕਿਸੇ ਦੋ ਮੂਲ ਸੇਵਾਵਾਂ ਦੇ ਉਦਾਹਰਣ ਲਿੱਖੋ । $\frac{1}{2}+\frac{1}{2}=1$

**7.** ਕਿਸੇ ਦੋ ਵੱਡੀਆਂ ਭਾਰਤੀ ਕੰਪਨੀਆਂ ਦੇ ਨਾਮ ਲਿੱਖੋ, ਜਿਹੜੀਆਂ ਬਹੁਰਾਸ਼ਟਰੀ ਕੰਪਨੀਆਂ ਦੇ ਰੂਪ ਵਿਚ ਉਭਰੀਆਂ ਹਨ । $\frac{1}{2}+\frac{1}{2}=1$

## ਖੰਡ ਬ

**8.** ਸਾਨੂੰ ਕੁਦਰਤੀ ਸਾਧਨ ਸਰੋਤਾਂ ਦੀ ਨਿਯਾਂਪੂਰਕ ਅਤੇ ਸਹੀ ਢੰਗ ਨਾਲ ਵਰਤੋਂ ਕਿਉਂ ਕਰਨੀ ਚਾਹੀਦੀ ਹੈ ? ਆਪਣੇ ਵਿਚਾਰ ਨੂੰ ਸਪਸ਼ਟ ਕਰੋ । *3*

**9.** ਇੱਕਲੇ ਖੇਤੀ ਬਾੜੀ ਖੇਤਰ ਵਿਚ ਹੀ ਵਧੇਰੇ ਰੁਜਗਾਰ ਕਿਵੇਂ ਪੈਦਾ ਕੀਤੇ ਜਾ ਸਕਦੇ ਹਨ ? ਕਿਸੇ ਤਿੰਨ ਤਰੀਕਿਆਂ ਦੀ ਵਿਆਖਿਆ ਕਰੋ । *1×3=3*

**ਜਾਂ**

ਭਾਰਤ ਵਿਚ ਬੇਰੋਜ਼ਗਾਰੀ ਦੀ ਸਮਸਿਆ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਕਿਸੇ ਤਿੰਨ ਤਰੀਕਿਆਂ ਦੀ ਵਿਆਖਿਆ ਕਰੋ । *3*

**10.** "ਉਧਾਰ ਸਕਾਰਾਤਮਕ ਭੂਮਿਕਾ ਅਦਾ ਕਰ ਸਕਦਾ ਹੈ ।" ਦਲੀਲਾਂ ਦੇ ਕੇ ਇਸ ਕਥਨ ਨੂੰ ਉੱਚਤ ਠਹਿਰਾਓ । *3*

**ਜਾਂ**

"ਉਧਾਰ ਨਕਾਰਾਤਮਕ ਭੂਮਿਕਾ ਅਦਾ ਕਰ ਸਕਦਾ ਹੈ ।" ਦਲੀਲਾਂ ਦੇ ਕੇ ਇਸ ਕਥਨ ਨੂੰ ਉੱਚਤ ਠਹਿਰਾਓ । *3*

**11.** "ਮਨੁਖੀ ਸਰਗਰਮੀਆਂ ਨੇ ਧਰਤੀ (ਭੌਂ) ਦੇ ਨਿਮਨੀਕਰਨ ਵਿਚ ਮੁਖ ਭੂਮਿਕਾ ਨਿਭਾਈ ਹੈ ।" ਤਿੰਨ ਉਦਾਹਰਣ ਦੇ ਕੇ ਇਸ ਕਥਨ ਨੂੰ ਉੱਚਤ ਠਹਿਰਾਓ । *1×3=3*

**12.** ਭਾਰਤ ਵਿਚ ਵਿਦੇਸ਼ੀ ਮੁਦਰਾ (ਨਿਵੇਸ਼) ਨੂੰ ਆਕਰਸ਼ਿਤ ਕਰਨ ਦੇ ਲਈ ਕੇਂਦਰ ਅਤੇ ਰਾਜ ਸਰਕਾਰਾਂ ਰਾਹੀਂ ਚੁਕੇ ਗਏ ਕਿਸੇ ਤਿੰਨ ਕਦਮਾਂ ਦਾ ਵਰਨਨ ਕਰੋ । *1×3=3*

**13.** ਰਾਜਨੀਤੀ ਵਿਚ ਜਾਤ (ਵਰਣ) ਕਿਵੇਂ ਅਨੇਕਾਂ ਰੂਪ ਲੈ ਸਕਦੀ ਹੈ ? ਉਦਾਹਰਣਾ ਸਹਿਤ ਵਿਆਖਿਆ ਕਰੋ । 3

**ਜਾਂ**

ਸਾਡੇ ਦੇਸ਼ ਵਿਚ ਆਜ਼ਾਦੀ ਪਿੱਛੋਂ ਇਸਤ੍ਰੀਆਂ ਦੀ ਅਵਸਥਾ ਵਿਚ ਕਿਵੇਂ ਸੁਧਾਰ ਹੋਇਆ ਹੈ ? ਉਦਾਹਰਣਾਂ ਸਹਿਤ ਵਿਆਖਿਆ ਕਰੋ । 3

**14.** "ਕਨੂੰਨ ਬਣਾ ਕੇ ਰਾਜਨੀਤੀ ਨੂੰ ਸੁਧਾਰਨ ਦੀ ਸੋਚ ਦੀ ਖਿਲਾਫਤ ਹੋਣੀ ਚਾਹੀਦੀ ਹੈ ।" ਕਥਨ ਦੀ ਪੁਸ਼ਟੀ ਉਦਾਹਰਣਾਂ ਦੇ ਕੇ ਕਰੋ । 3

**15.** "ਲੋਕਤੰਤਰੀ ਵਿਵਸਥਾ ਦੀ ਵਡੀ ਸਫਲਤਾ ਨਿਯਮ ਅਨੁਸਾਰ ਅਤੇ ਨਿਰਪੱਖ ਚੁਨਾਵਾਂ ਵਿਚ ਹੈ ।" ਇਸ ਕਥਨ ਦਾ ਵਿਸ਼ਲੇਸ਼ਣ ਕਰੋ । 3

**16.** ਬ੍ਰਿਟੇਨ ਕਿਵੇਂ ਇਕ ਰਾਸ਼ਟਰ-ਰਾਜ ਦੇ ਰੂਪ ਵਿਚ ਹੋਂਦ ਵਿਚ ਆਇਆ ? ਵਿਆਖਿਆ ਕਰੋ । 3

**ਜਾਂ**

ਵਿਯਤਨਾਮ ਵਿਚ ਸਕੂਲ ਕਿਵੇਂ ਰਾਜਨੀਤਿਕ ਅਤੇ ਸਭਿਆਚਾਰਕ ਸੰਘਰਸ਼ ਦੇ ਅਖਾੜਿਆਂ ਵਿਚ ਬਦਲ ਗਏ ? ਵਿਆਖਿਆ ਕਰੋ । 3

**17.** ਉਨ੍ਹੀਂਵੀਂ ਸਦੀ ਵਿਚ ਯੂਰੋਪ ਵਿਚ ਕਿਵੇਂ ਬਚਿਆਂ, ਇਸਤ੍ਰੀਆਂ ਅਤੇ ਕਾਮਿਆਂ (ਮਜਦੂਰਾਂ) ਦੇ ਦਰਮਿਆਨ ਵੱਡੀ ਗਿਣਤੀ ਵਿਚ ਨਵੇਂ ਪਾਠਕ ਵਧੇ ? ਉਦਾਹਰਣਾਂ ਸਹਿਤ ਵਿਆਖਿਆ ਕਰੋ । 3

**ਜਾਂ**

ਔਪਨਿਵੇਸ਼ਿਕ (ਬਸਤੀਵਾਦੀ) ਸਰਕਾਰ ਨੂੰ ਸਥਾਨਕ ਬੋਲੀ ਵਿਚ ਲਿੱਖੇ ਨਾਵਲਾਂ ਵਿਚ ਦੇਸੀ ਜੀਵਨ ਅਤੇ ਰੀਤੀ ਰਿਵਾਜਾਂ ਨਾਲ ਜੁੜੀ ਜਾਣਕਾਰੀ ਦਾ ਵਡਮੁੱਲਾ ਸਰੋਤ ਕਿਵੇਂ ਨਜ਼ਰ ਆਇਆ ? ਉਦਾਹਰਣਾਂ ਸਹਿਤ ਵਿਆਖਿਆ ਕਰੋ । 3

**18.** ਦੇਸ਼ ਦੇ ਆਰਥਿਕ ਵਿਕਾਸ ਦੀ ਰੀੜ ਦੇ ਰੂਪ ਵਿਚ ਨਿਰਮਾਣ-ਉਦਯੋਗਾਂ ਦੀ ਮਹਤਤਾ ਦਾ ਵਰਨਨ ਕਰੋ । 3

**ਜਾਂ**

ਖੇਤੀ ਦੇ ਵਿਕਾਸ ਵਿਚ ਉਦਯੋਗਾਂ ਦੇ ਯੋਗਦਾਨ ਦਾ ਵਰਨਨ ਕਰੋ । 3

## ਖੰਡ ਸ

**19.** "ਕਿਸੇ ਦੇਸ਼ ਦੇ ਅੰਤਰਰਾਸ਼ਟਰੀ ਵਪਾਰ ਨੂੰ ਆਰਥਿਕ ਬੈਰੋਮੀਟਰ ਕਿਹਾ ਜਾਂਦਾ ਹੈ ।" ਦਲੀਲਾਂ ਦੇ ਕੇ ਇਸ ਕਥਨ ਨੂੰ ਉੱਚਤ ਠਹਿਰਾਓ । 5

**20.** ਭਾਰਤ ਵਰਗੇ ਵੱਡੇ ਦੇਸ਼ ਵਿਚ ਤਿੰਨ ਸਤਰੀ ਸਰਕਾਰ ਦੀ ਮਹਤਤਾ ਦਾ ਵਰਨਨ ਕਰੋ । *1×5=5*

**ਜਾਂ**

ਸੰਘਵਾਦ ਦੀਆਂ ਕਿਸੇ ਪੰਜ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । *1×5=5*

**21.** ਵਪਾਰਕ ਖੇਤੀ ਦੀਆਂ ਕਿਸੇ ਪੰਜ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । *1×5=5*

**22.** ਮਹਾਤਮਾ ਗਾਂਧੀ ਦੇ ਵਿਚਾਰਾਂ ਅਤੇ ਸਵਰਾਜ ਦੀ ਧਾਰਨਾਂ ਦੇ ਬਾਰੇ ਵਿਚ ਪਲਾਂਟੇਸ਼ਨ ਮਜ਼ਦੂਰਾਂ ਦੀ ਆਪਣੀ ਸੋਚ ਕਿਵੇਂ ਸੀ ? ਵਿਆਖਿਆ ਕਰੋ । *5*

**ਜਾਂ**

ਭਾਰਤ ਦੇ ਵੱਖੋ ਵੱਖ ਭਾਗਾਂ ਵਿਚ ਕਿਸਾਨਾਂ ਅਤੇ ਆਦਿਵਾਸੀਆਂ ਨੇ 'ਨਾਮਿਲਵਰਤਨ ਅੰਦੋਲਨ' ਵਿਚ ਕਿਵੇਂ ਹਿੱਸਾ ਲਿਆ ? ਵਿਆਖਿਆ ਕਰੋ । *5*

**23.** 1920 ਦੇ ਦਹਾਕੇ ਦੇ ਮੁਢਲੇ ਸਮੇ ਦੇ ਦੌਰਾਨ ਅਮਰੀਕੀ ਅਰਥਵਿਵਸਥਾ ਕਿਵੇਂ ਤੇਜ਼ੀ ਨਾਲ ਤਰੱਕੀ ਕਰਨ ਲਗੀ ? ਉਦਾਹਰਣਾਂ ਸਹਿਤ ਵਿਆਖਿਆ ਕਰੋ । *5*

**ਜਾਂ**

ਉਨ੍ਹੀਵੀ ਸਦੀ ਦੇ ਦੌਰਾਨ ਇੰਗਲੈਂਡ ਦੇ ਬਜਾਰ ਵਿਚ ਮਜ਼ਦੂਰੀ ਦੀ ਬਹੁਤਾਤ ਦਾ ਮਜ਼ਦੂਰਾ ਦੀ ਜਿੰਦਗੀ ਉਪਰ ਕਿਹੋ ਜਿਹਾ ਅਸਰ ਹੋਇਆ ? ਉਦਾਹਰਣਾਂ ਸਹਿਤ ਵਿਆਖਿਆ ਕਰੋ । *5*

**ਜਾਂ**

ਉਨ੍ਹੀਵੀ ਸਦੀ ਦੇ ਇੰਗਲੈਂਡ ਦੇ ਘਰਾਂ ਅਤੇ ਕਾਰਖਾਨਿਆਂ ਵਿਚ ਕੋਲੇ ਦੇ ਵੱਡੀ ਪੱਧਰ ਤੇ ਇਸਤੇਮਾਲ ਕਰਨ ਕਾਰਨ ਕਿਵੇਂ ਗੰਭੀਰ ਸਮਸਿਆਵਾਂ ਪੈਦਾ ਹੋ ਗਈਆਂ ਸਨ ? ਉਦਾਹਰਣਾਂ ਸਹਿਤ ਵਿਆਖਿਆ ਕਰੋ । *5*

**24.** ਪੰਜ ਰਾਜਾਂ ਦੇ ਨਾਮ ਹੇਠ ਦਿਤੇ ਗਏ ਹਨ । ਇਨ੍ਹਾਂ ਵਿਚੋ ਹਰ ਇਕ ਰਾਜ ਦੇ ਕਿਸੇ ਇਕ ਖੇਤਰੀ ਰਾਜਨੀਤਿਕ ਦਲ ਨੂੰ ਉਸ ਦੇ ਚੌਣ ਨਿਸ਼ਾਨ ਸਹਿਤ ਲਿੱਖੋ । *1×5=5*

(i) ਜੰਮੂ ਅਤੇ ਕਸ਼ਮੀਰ

(ii) ਤਮਿਲਨਾਡੂ

(iii) ਮਹਾਰਾਸ਼ਟਰ

(iv) ਅਸਮ

(v) ਉੱਤਰ ਪ੍ਰਦੇਸ਼

**25.** "ਉਪਭੋਗਤਾ ਨੂੰ ਵਸਤੂਆਂ ਦੇ ਵਿਪਣਨ (ਮਾਰਕੀਟਿੰਗ) ਅਤੇ ਸੇਵਾਵਾਂ ਦੀ ਪ੍ਰਾਪਤੀ ਦੇ ਵਿਰੁਧ ਸੁਰਖਿਅਤ ਰਹਿਣ ਦਾ ਅਧਿਕਾਰ ਹੁੰਦਾ ਹੈ ।" ਕਥਨ ਦੀ ਪੁਸ਼ਟੀ ਕਰੋ । *5*

## ਖੰਡ ਦ

**26.** (A) ਦੋ ਲੱਛਣ 'a' ਅਤੇ 'b' ਦਿੱਤੇ ਹੋਏ **ਭਾਰਤ** ਦੇ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 7 ਤੇ) ਵਿਚ ਅੰਕਿਤ ਕੀਤੇ ਗਏ ਹਨ । ਇਨ੍ਹਾਂ ਲੱਛਣਾਂ ਨੂੰ ਹੇਠ ਦਿੱਤੀ ਜਾਣਕਾਰੀ ਦੀ ਮਦਦ ਨਾਲ ਪਛਾਣੋ ਅਤੇ ਇਨ੍ਹਾਂ ਦੇ ਸਹੀ ਨਾਮ, ਮਾਨਚਿੱਤਰ ਵਿਚ ਖਿੱਚੀਆਂ ਹੋਈਆਂ ਰੇਖਾਵਾਂ ਉਪਰ ਲਿਖੋ : *1×2=2*

(a) ਉਹ ਥਾਂ ਜਿੱਥੇ ਭਾਰਤੀ ਰਾਸ਼ਟਰੀ ਕਾਂਗਰੇਸ ਦਾ ਅਜਲਾਸ ਹੋਇਆ ਸੀ ।

(b) ਉਹ ਥਾਂ ਜਿੱਥੇ ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਦਾ ਅੰਦੋਲਨ ਸ਼ੁਰੂ ਹੋਇਆ ਸੀ ।

(B) ਇਸ ਹੀ ਦਿਤੇ ਹੋਏ **ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿੱਤਰ ਵਿਚ ਹੇਠ ਲਿਖਿਆਂ ਵਿਚੋਂ ***ਕਿਸੇ ਤਿੰਨ*** ਨੂੰ ਢੁਕਵੇਂ ਚਿਹਨਾਂ ਰਾਹੀਂ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *1×3=3*

(i) ਹੀਰਾਕੁਡ – ਬੰਧ (ਡੈਮ)

(ii) ਕੋਚੀ – ਪ੍ਰਮੁਖ ਸਮੁੰਦਰੀ ਬੰਦਰਗਾਹ

(iii) ਸੇਲਮ – ਲੋਹਾ ਅਤੇ ਸਟੀਲ ਦਾ ਕਾਰਖਾਨਾ

(iv) ਹੈਦਰਾਬਾਦ – ਸਾਫਟਵੇਯਰ ਟੇਕਨੋਲੋਜੀ ਪਾਰਕ

(v) ਨਰੌਰਾ – ਨਿਊਕਲਿਅਰ ਪਾਵਰ ਪਲਾਂਟ

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 26 ਦੇ ਥਾਂ ਬਦਲਵੇਂ ਪ੍ਰਸ਼ਨ ਹਨ । **ਕਿਸੇ ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ :*

(26.1) ਉਸ ਰਾਜ ਦਾ ਨਾਮ ਲਿੱਖੋ, ਜਿੱਥੇ ਜਲਿਆਂਵਾਲਾ ਬਾਗ ਦੀ ਘਟਨਾ ਹੋਈ ।

(26.2) ਉਸ ਸਥਾਨ ਦਾ ਨਾਮ ਲਿਖੋ, ਜਿੱਥੇ ਨੀਲ ਦੀ ਖੇਤੀ ਦੇ ਲਈ ਕਿਸਾਨਾਂ ਨੇ ਸਤਿਆਗਰਹਿ ਕੀਤਾ ਸੀ ।

(26.3) ਗੁਜਰਾਤ ਦੇ ਉਸ ਸਥਾਨ ਦਾ ਨਾਮ ਲਿਖੋ, ਜਿੱਥੇ ਕਿਸਾਨਾਂ ਨੇ ਸਤਿਆਗਰਹਿ ਕੀਤਾ ਸੀ ।

(26.4) ਉਸ ਰਾਜ ਦਾ ਨਾਮ ਲਿਖੋ, ਜਿੱਥੇ ਬੈਲਾੱਰੀ ਲੋਹਾ-ਕੱਚੀ ਧਾਤ ਦੀਆਂ ਖਾਣਾ ਸਥਿਤ ਹਨ ।

(26.5) ਉਸ ਰਾਜ ਦਾ ਨਾਮ ਲਿੱਖੋ, ਜਿੱਥੇ ਕੋਚੀ ਸਮੁੰਦਰੀ ਬੰਦਰਗਾਹ ਸਥਿਤ ਹੈ ।

(26.6) ਉਸ ਰਾਜ ਦਾ ਨਾਮ ਲਿੱਖੋ, ਜਿੱਥੇ ਨਰੌਰਾ ਨਿਉਕਲਿਆਰ ਪਾਵਰ ਪਲਾਂਟ ਸਥਿਤ ਹੈ ।

(26.7) ਉਸ ਰਾਜ ਦਾ ਨਾਮ ਲਿੱਖੋ, ਜਿੱਥੇ ਦੁਰਗਾਪੁਰ ਲੋਹਾ-ਸਟੀਲ ਕਾਰਖਾਨਾ ਸਥਿਤ ਹੈ । *1×5=5*

ਪ੍ਰਸ਼ਨ ਸੰ. 26 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)

